# ਕੁਰੂਕਸ਼ੇਤਰ ਯੂਨੀਵਰਸਿਟੀ ਕੁਰੂਕਸ਼ੇਤਰ

## ਪੀਐਚ. ਡੀ. ਪ੍ਰਵੇਸ਼ ਪ੍ਰੀਖਿਆ

ਵਿਸ਼ਾ : ਪੰਜਾਬੀ

## ਪਾਠ-ਕ੍ਰਮ ਅਤੇ ਨਮੂਨਾ ਪ੍ਰਸ਼ਨ

ਪੀਐਚ. ਡੀ. ਪ੍ਰਵੇਸ਼ ਪ੍ਰੀਖਿਆ ਦੇ ਪੰਜਾਬੀ ਵਿਸ਼ਾ ਦੇ ਪਾਠਕ੍ਰਮ ਵਿਚ ਉਹ ਟਾਪਿਕ ਲਏ ਗਏ ਹਨ ਜੋ ਵਿਭਿੰਨ ਯੂਨੀਵਰਸਿਟੀਆਂ ਵਿਚ ਐਮ. ਏ. ਪੰਜਾਬੀ ਦੇ ਕੋਰਸ਼ਾਂ ਵਿਚ ਪੜ੍ਹਾਏ ਜਾਂਦੇ ਹਨ। **ਪਾਠ ਕ੍ਰਮ ਨੂੰ ਦਸ ਭਾਗਾਂ ਵਿਚ ਵੰਡਿਆ ਗਿਆ ਹੈ**। ਇਸ ਪ੍ਰਵੇਸ ਪ੍ਰੀਖਿਆ ਦੇ ਦੋ ਪੇਪਰ ਹਨ। **ਪੇਪਰ ਪਹਿਲਾ** 100 ਨੰਬਰ ਦਾ ਹੈ ਅਤੇ ਇਸ ਵਿਚ ਬਹੁ-ਚੋਣ ਪ੍ਰਕਾਰ ਦੇ ਪ੍ਰਸ਼ਨ ਪੁੱਛੇ ਜਾਣਗੇ। ਇਸ ਪੇਪਰ ਦਾ ਸਮਾਂ ਇਕ ਘੰਟਾ ਹੈ। **ਪੇਪਰ ਦੂਸਰਾ** ਵੀ 100 ਨੰਬਰ ਦਾ ਹੈ ਅਤੇ ਇਹ ਪੇਪਰ ਵਰਣਨਾਤਮਕ ਪ੍ਰਕਾਰ ਦਾ ਹੋਵੇਗਾ ਅਤੇ ਇਸਦੇ ਦੋ ਖੰਡ ਹੋਣਗੇ : ਖੰਡ ੳ ਅਤੇ ਖੰਡ ਅ। ਖੰਡ ੳ ਵਿਚ ਦਸ ਪ੍ਰਸ਼ਨ ਪੁੱਛੇ ਜਾਣਗੇ। ਪਾਠ ਕ੍ਰਮ ਦੇ ਹਰ ਭਾਗ ਵਿਚੋਂ ਇਕ ਇਕ ਪ੍ਰਸ਼ਨ ਪੁੱਛਿਆ ਜਾਵੇਗਾ। ਇਨ੍ਹਾਂ ਵਿਚੋਂ ਵਿਦਿਆਰਥੀ ਨੇ ਪੰਜ ਪ੍ਰਸ਼ਨ ਕਰਨੇ ਹੋਣਗੇ ਅਤੇ ਹਰ ਪ੍ਰਸ਼ਨ ਦਾ ਉੱਤਰ ਵੱਧ ਤੋਂ ਵੱਧ 750 ਸ਼ਬਦਾਂ ਵਿਚ ਦੇਣਾ ਹੋਵੇਗਾ। ਇਸ ਖੰਡ ਦਾ ਹਰੇਕ ਪ੍ਰਸ਼ਨ 16 ਨੰਬਰ ਦਾ ਹੋਵੇਗਾ। ਖੰਡ ਅ ਵਿਚ ਵੀ ਪਾਠ ਕ੍ਰਮ ਦੇ ਦਸਾਂ ਭਾਗਾਂ ਵਿਚੋਂ ਇਕ ਇਕ ਪ੍ਰਸ਼ਨ ਪੁੱਛਿਆ ਜਾਵੇਗਾ ਅਤੇ ਵਿਦਿਆਰਥੀ ਨੇ ਪੰਜ ਪ੍ਰਸ਼ਨ ਕਰਨੇ ਹੋਣਗੇ। ਹਰ ਪ੍ਰਸ਼ਨ ਦਾ ਜਵਾਬ 150 ਸ਼ਬਦਾਂ ਵਿਚ ਦੇਣਾ ਹੋਵੇਗਾ। ਇਸ ਖੰਡ ਦਾ ਹਰ ਪ੍ਰਸ਼ਨ 4 ਨੰਬਰ ਦਾ ਹੋਵੇਗਾ। ਇਸ ਪੇਪਰ ਦਾ ਸਮਾਂ ਦੋ ਘੰਟੇ ਹੈ। **ਪੇਪਰ ਪਹਿਲਾ** ਵਿਚ ਬਹੁ-ਚੋਣ ਪ੍ਰਕਾਰ ਦੇ 50 ਪ੍ਰਸ਼ਨ ਪੁੱਛੇ ਜਾਣਗੇ। ਇਸ ਬਹੁ-ਚੋਣ ਵਾਲੇ ਪੇਪਰ ਵਿਚ ਪ੍ਰਸ਼ਨ ਦਿੱਤੇ ਪਾਠ ਕ੍ਰਮ ਵਿਚੋਂ ਅਤੇ ਪੰਜਾਬੀ ਭਾਸ਼ਾ, ਸਾਹਿਤ ਅਤੇ ਸਭਿਆਚਾਰ ਬਾਰੇ ਆਮ ਜਾਣਕਾਰੀ ਨਾਲ ਸਬੰਧਤ ਪ੍ਰਸ਼ਨ ਪੁੱਛੇ ਜਾ ਸਕਦੇ ਹਨ। ਹਰ ਪ੍ਰਸ਼ਨ ਦੋ ਨੰਬਰ ਦਾ ਹੋਵੇਗਾ ਅਤੇ ਸਾਰੇ ਪ੍ਰਸ਼ਨ ਕਰਨੇ ਲਾਜ਼ਮੀ ਹੋਣਗੇ।

## ਪਾਠ ਕ੍ਰਮ

**ਭਾਗ ਪਹਿਲਾ : ਮੱਧਕਾਲੀ ਪੰਜਾਬੀ ਸਾਹਿਤ**

ਮੱਧਕਾਲੀ ਪੰਜਾਬੀ ਸਾਹਿਤ : ਨਿਕਾਸ ਅਤੇ ਵਿਕਾਸ-ਪੜਾਅ।

ਪੰਜਾਬੀ ਸੂਫੀ ਕਾਵਿ : ਆਰੰਭ, ਵਿਕਾਸ ਅਤੇ ਵਿਸ਼ੇਸ਼ਤਾਵਾਂ।

ਪ੍ਰਮੁੱਖ ਪੰਜਾਬੀ ਸੂਫੀ ਕਵੀ : *ਬਾਬਾ ਫ਼ਰੀਦ, ਸ਼ਾਹ ਹੁਸੈਨ, ਬੁਲ੍ਹੇ ਸ਼ਾਹ, ਸੁਲਤਾਨ ਬਾਹੂ, ਗੁਲਾਮ ਫ਼ਰੀਦ।*

ਗੁਰਮਤਿ ਕਾਵਿ ਧਾਰਾ : ਆਰੰਭ, ਵਿਕਾਸ ਅਤੇ ਵਿਸ਼ੇਸ਼ਤਾਵਾਂ।

ਗੁਰੂ ਗ੍ਰੰਥ ਸਾਹਿਬ : ਸੰਪਾਦਨਾ ਅਤੇ ਸਾਹਿਤਕ ਵਿਸ਼ੇਸ਼ਤਾਵਾਂ।

ਪ੍ਰਮੁੱਖ ਬਾਣੀਕਾਰ : *ਗੁਰੂ ਨਾਨਕ ਦੇਵ, ਗੁਰੂ ਅੰਗਦ ਦੇਵ, ਗੁਰੂ ਅਮਰ ਦਾਸ, ਗੁਰੂ ਰਾਮਦਾਸ, ਗੁਰੂ ਅਰਜਨ ਦੇਵ, ਗੁਰੂ ਤੇਗ ਬਹਾਦਰ।*

ਪ੍ਰਮੁੱਖ ਭਗਤ ਕਵੀ : *ਰਵਿਦਾਸ, ਨਾਮਦੇਵ, ਕਬੀਰ।*

ਗੁਰਬਾਣੀ ਦਾ ਕਾਵਿ ਸ਼ਾਸਤਰ ਅਤੇ ਪੰਜਾਬੀ ਸਾਹਿਤ 'ਤੇ ਪ੍ਰਭਾਵ

ਵਾਰਾਂ ਭਾਈ ਗੁਰਦਾਸ

ਪੰਜਾਬੀ ਕਿੱਸਾ : ਨਿਕਾਸ, ਵਿਕਾਸ ਅਤੇ ਵਿਸ਼ੇਸ਼ਤਾਵਾਂ।

ਬੀਰ ਕਾਵਿ : ਨਿਕਾਸ, ਵਿਕਾਸ ਅਤੇ ਵਿਸ਼ੇਸ਼ਤਾਵਾਂ

ਪ੍ਰਮੁੱਖ ਪੰਜਾਬੀ ਕਿੱਸਾਕਾਰ : *ਦਮੋਦਰ, ਪੀਲੂ, ਵਾਰਿਸ, ਕਾਦਰਯਾਰ ਅਤੇ ਹਾਸ਼ਮ।*

ਪ੍ਰਮੁੱਖ ਪੰਜਾਬੀ ਵਾਰਕਾਰ : *ਗੁਰੂ ਗੋਬਿੰਦ ਸਿੰਘ, ਨਜਾਬਤ ਅਤੇ ਪੀਰ ਮੁਹਮੰਦ।*

ਪੰਜਾਬੀ ਜੰਗਨਾਮੇ : *ਸ਼ਾਹ ਮੁੰਹਮਦ, ਮਟਕ।*

**ਭਾਗ ਦੂਸਰਾ : ਆਧੁਨਿਕ ਪੰਜਾਬੀ ਕਾਵਿ**

ਆਧੁਨਿਕ ਪੰਜਾਬੀ ਕਾਵਿ : ਆਰੰਭ, ਵਿਕਾਸ, ਪ੍ਰਮੁੱਖ ਪ੍ਰਵਿਰਤੀਆਂ, ਸਮਕਾਲੀ ਪੰਜਾਬੀ ਕਵਿਤਾ, ਲੰਮੀ ਬਿਰਤਾਂਤਕ ਕਵਿਤਾ, ਪੰਜਾਬੀ ਗ਼ਜ਼ਲ ਅਤੇ ਪੰਜਾਬੀ ਰੁਬਾਈ ਅਤੇ ਆਧੁਨਿਕ ਪੰਜਾਬੀ ਕਵਿਤਾ ਦਾ ਕਾਵਿ ਸ਼ਾਸਤਰ।

ਪ੍ਰਮੁੱਖ ਪੰਜਾਬੀ ਕਵੀ : *ਭਾਈ ਵੀਰ ਸਿੰਘ, ਪੂਰਨ ਸਿੰਘ, ਧਨੀ ਰਾਮ ਚਾਤ੍ਰਿਕ, ਮੋਹਨ ਸਿੰਘ, ਅੰਮ੍ਰਿਤਾ ਪ੍ਰੀਤਮ, ਬਾਵਾ ਬਲਵੰਤ, ਪ੍ਰੀਤਮ ਸਿੰਘ ਸਫ਼ੀਰ, ਹਰਿਭਜਨ ਸਿੰਘ, ਜਸਵੰਤ ਸਿੰਘ ਨੇਕੀ, ਸ਼ਿਵ ਕੁਮਾਰ, ਪਾਸ਼, ਸੁਰਜੀਤ ਪਾਤਰ, ਜਸਵੰਤ ਦੀਦ ਅਤੇ ਸਵਰਨਜੀਤ ਸਵੀ ।*

**ਭਾਗ ਤੀਸਰਾ : ਆਧੁਨਿਕ ਪੰਜਾਬੀ ਗਲਪ**

ਪੰਜਾਬੀ ਨਾਵਲ : ਆਰੰਭ, ਵਿਕਾਸ, ਪ੍ਰਮੁੱਖ ਪ੍ਰਵਿਰਤੀਆਂ, ਸਮਕਾਲੀ ਪੰਜਾਬੀ ਨਾਵਲ ਅਤੇ ਪੰਜਾਬੀ ਨਾਵਲ ਦਾ ਕਾਵਿ ਸ਼ਾਸਤਰ।

ਪੰਜਾਬੀ ਨਿੱਕੀ ਕਹਾਣੀ : ਆਰੰਭ, ਵਿਕਾਸ, ਪ੍ਰਮੁੱਖ ਪ੍ਰਵਿਰਤੀਆਂ, ਸਮਕਾਲੀ ਪੰਜਾਬੀ ਕਹਾਣੀ ਅਤੇ ਪੰਜਾਬੀ ਕਹਾਣੀ ਦਾ ਕਾਵਿ ਸ਼ਾਸਤਰ।

ਪ੍ਰਮੁੱਖ ਪੰਜਾਬੀ ਨਾਵਲਕਾਰ : *ਭਾਈ ਵੀਰ ਸਿੰਘ, ਨਾਨਕ ਸਿੰਘ, ਸ. ਸ. ਨਰੂਲਾ, ਜਸਵੰਤ ਸਿੰਘ ਕੰਵਲ, ਨਰਿੰਦਰਪਾਲ ਸਿੰਘ, ਗੁਰਦਿਆਲ ਸਿੰਘ, ਨਰਿੰਜਨ ਤਸਨੀਮ, ਦਲੀਪ ਕੌਰ ਟਿਵਾਣਾ, ਰਾਮ ਸਰੂਪ ਅਣਖੀ ਅਤੇ ਮਿੱਤਰ ਸੈਨ ਮੀਤ।*

ਪ੍ਰਮੁੱਖ ਪੰਜਾਬੀ ਕਹਾਣੀਕਾਰ : *ਸੁਜਾਨ ਸਿੰਘ, ਕਰਤਾਰ ਸਿੰਘ ਦੁੱਗਲ , ਸੰਤ ਸਿੰਘ ਸੇਖੋਂ, ਕੁਲਵੰਤ ਸਿੰਘ ਵਿਰਕ, ਅਜੀਤ ਕੌਰ, ਵਰਿਆਮ ਸਿੰਘ ਸੰਧੂ, ਪ੍ਰੇਮ ਪ੍ਰਕਾਸ਼ ਅਤੇ ਮਨਮੋਹਨ ਬਾਵਾ।*

**ਭਾਗ ਚੌਥਾ : ਪੰਜਾਬੀ ਨਾਟਕ ਤੇ ਇਕਾਂਗੀ**

ਪੰਜਾਬੀ ਨਾਟਕ ਤੇ ਇਕਾਂਗੀ : ਆਰੰਭ, ਵਿਕਾਸ, ਪ੍ਰਮੁੱਖ ਪ੍ਰਵਿਰਤੀਆਂ ਅਤੇ ਵਿਸ਼ੇਸ਼ਤਾਵਾਂ।

ਪ੍ਰਮੁੱਖ ਪੰਜਾਬੀ ਨਾਟਕਕਾਰ ਅਤੇ ਇਕਾਂਗੀਕਾਰ : *ਈਸ਼ਵਰ ਚੰਦਰ ਨੰਦਾ, ਸੰਤ ਸਿੰਘ ਸੇਖੋਂ, ਹਰਚਰਨ ਸਿੰਘ, ਬਲਵੰਤ ਗਾਰਗੀ, ਗੁਰਚਰਨ ਸਿੰਘ ਜਸੂਜਾ, ਸੁਰਜੀਤ ਸਿੰਘ ਸੇਠੀ, ਗੁਰਦਿਆਲ ਸਿੰਘ ਖੋਸਲਾ, ਕਪੂਰ ਸਿੰਘ ਘੁੰਮਣ, ਅਜਮੇਰ ਸਿੰਘ ਔਲਖ, ਆਤਮਜੀਤ, ਚਰਨ ਦਾਸ ਸਿੱਧੂ ਅਤੇ ਜਤਿੰਦਰ ਬਰਾੜ।*

ਪੰਜਾਬੀ ਰੰਗਮੰਚ : ਆਰੰਭ, ਵਿਕਾਸ, ਸਮੱਸਿਆਵਾਂ ਅਤੇ ਨਵੀਨਤਮ ਸ਼ੈਲੀਆਂ ਤੇ ਜੁਗਤਾਂ।

**ਭਾਗ ਪੰਜ : ਪੰਜਾਬੀ ਵਾਰਤਕ**

ਮੱਧਕਾਲੀ ਪੰਜਾਬੀ ਵਾਰਤਕ ਪਰੰਪਰਾ : ਪੁਰਾਤਨ ਜਨਮਸਾਖੀ, ਆਦਿ ਸਾਖੀਆਂ, ਸੰਭੂ ਨਾਥ ਵਾਲੀ ਜਨਮ ਸਾਖੀ, ਮਿਹਰਬਾਨ ਵਾਲੀ ਜਨਮਸਾਖੀ, ਜਨਮਸਾਖੀ ਭਾਈ ਬਾਲਾ, ਗਿਆਨ ਰਤਨਾਵਲੀ, ਗੁਰ ਬਿਲਾਸ, ਗੋਸ਼ਟੀਆਂ, ਪਰਚੀਆਂ, ਰਹਿਤਨਾਮੇ ਅਤੇ ਟੀਕੇ।

ਆਧੁਨਿਕ ਪੰਜਾਬੀ ਵਾਰਤਕ : ਰੂਪ, ਵਿਕਾਸ ਅਤੇ ਵਿਸ਼ੇਸ਼ਤਾਵਾਂ।

ਪੰਜਾਬੀ ਨਿਬੰਧ, ਜੀਵਨੀ, ਸ੍ਵੈ ਜੀਵਨੀ, ਸਫ਼ਰਨਾਮਾ, ਰੇਖਾਚਿੱਤਰ, ਸੰਸਮਰਣ।

ਪੰਜਾਬੀ ਗਦ ਸ਼ੈਲੀ ਦਾ ਵਿਕਾਸ।

ਪ੍ਰਮੁੱਖ ਪੰਜਾਬੀ ਵਾਰਤਕਕਾਰ : *ਭਾਈ ਵੀਰ ਸਿੰਘ, ਬਲਬੀਰ ਸਿੰਘ, ਪੂਰਨ ਸਿੰਘ, ਕਪੂਰ ਸਿੰਘ, ਸਾਹਿਬ ਸਿੰਘ, ਤੇਜਾ ਸਿੰਘ, ਗੁਰਬਖਸ਼ ਸਿੰਘ ਪ੍ਰੀਤਲੜੀ, ਬਲਰਾਜ ਸਾਹਨੀ, ਬਲਵੰਤ ਗਾਰਗੀ ਅਤੇ ਨਰਿੰਦਰ ਸਿੰਘ ਕਪੂਰ।*

**ਭਾਗ ਛੇ : ਸਾਹਿਤ ਦੀ ਇਤਿਹਾਸਕਾਰੀ ਅਤੇ ਪੰਜਾਬੀ ਸਾਹਿਤ ਦੀ ਇਤਿਹਾਸਕਾਰੀ**

ਸਾਹਿਤ ਦੀ ਇਤਿਹਾਸਕਾਰੀ ਦੇ ਆਧਾਰ, ਸਾਹਿਤ ਦੀ ਇਤਿਹਾਸਕਾਰੀ ਅਤੇ ਸਾਹਿਤ ਸਮੀਖਿਆ, ਸਾਹਿਤਕ ਤੱਥ ਦਾ ਨਿਰਮਾਣ।

ਪੰਜਾਬੀ ਸਾਹਿਤ ਦੀ ਇਤਿਹਾਸਕਾਰੀ ਦਾ ਸਮੀਖਿਆਤਮਕ ਅਧਿਐਨ : ਪੰਜਾਬੀ ਸਾਹਿਤ ਦੀ ਇਤਿਹਾਸਕਾਰੀ: ਸਥਿਤੀ ਅਤੇ ਸਮੱਸਿਆਵਾਂ, ਪੰਜਾਬੀ ਸਾਹਿਤ ਦੀ ਕਾਲ ਵੰਡ, ਪੰਜਾਬੀ ਸਾਹਿਤ ਦੇ ਇਤਿਹਾਸਾਂ ਦਾ ਵਰਗੀਕਰਣ।

**ਭਾਗ ਸੱਤ : ਲੋਕਧਾਰਾ ਅਤੇ ਸਭਿਆਚਾਰ**

ਲੋਕਧਾਰਾ : ਸਰੂਪ, ਤੱਤ ਅਤੇ ਮਹੱਤਵ ਅਤੇ ਲੋਕਧਾਰਾ-ਵਿਗਿਆਨ।

ਲੋਕ ਸਾਹਿਤ : ਪਰਿਭਾਸ਼ਾ, ਸਰੂਪ ਅਤੇ ਵਰਗੀਕਰਣ, ਸਾਹਿਤ ਅਤੇ ਲੋਕ ਸਾਹਿਤ।

ਲੋਕਗੀਤ : *ਸੰਸਕਾਰਾਂ, ਰੁੱਤਾਂ, ਦਿਨ-ਤਿਉਹਾਰਾਂ, ਪੂਜਾ ਅਤੇ ਦੇਵੀ ਦੇਵਤਿਆਂ ਬਾਰੇ ਗੀਤ (ਭਜਨ, ਭੇਟ, ਨਾਅਤ, ਹਮਦ) ਕਾਰਜਗਤ ਗੀਤ, ਪਿਆਰ ਗੀਤ, ਸੂਰਮਗਤੀ ਦੇ ਗੀਤ, ਨ੍ਰਿਤ ਗੀਤ, ਬੱਚਿਆਂ ਦੇ ਗੀਤ, ਪੇਸ਼ਾਵਰ ਜਾਤੀਆਂ ਦੇ ਗੀਤ।*

ਲੋਕ ਕਾਵਿ-ਰੂਪ : *ਸੱਦ, ਬਾਰਹਮਾਹ, ਘੋੜੀਆਂ, ਅਲਾਹੁਣੀਆਂ, ਮਾਹੀਆ, ਟੱਪੇ, ਬੋਲੀਆਂ, ਲੋਰੀਆਂ, ਢੋਲੇ, ਲੋਕ ਵਾਰ।*

ਲੋਕ ਕਥਾਵਾਂ : *ਮਿਥਿਕ ਕਥਾਵਾਂ, ਦੰਦ ਕਥਾਵਾਂ, ਪਰੀ ਕਥਾਵਾਂ, ਪ੍ਰੇਤ ਕਥਾਵਾਂ, ਜਨੌਰ ਕਥਾਵਾਂ।*

ਫੁਟਕਲ : *ਲੋਕ ਗਾਥਾ, ਅਖਾਣ, ਬੁਝਾਰਤਾਂ, ਮੁਹਾਵਰੇ।*

ਸਭਿਆਚਾਰ : ਪਰਿਭਾਸ਼ਾ ਅਤੇ ਤੱਤ, ਸਭਿਆਚਾਰ ਅਤੇ ਸਭਿਅਤਾ।

ਸਭਿਆਚਾਰ ਵਿਗਿਆਨ : ਪਰਿਭਾਸ਼ਾ, ਸਰੂਪ ਅਤੇ ਵਿਸ਼ੇਸ਼ਤਾਵਾਂ।

ਪੰਜਾਬੀ ਸਭਿਆਚਾਰ ਦੇ ਪਛਾਣ ਚਿੰਨ੍ਹ।

ਪੰਜਾਬੀ ਸਭਿਆਚਾਰ ਦੇ ਪ੍ਰਮੁੱਖ ਰੂਪ : ਵਿਭਿੰਨ ਕਲਾਵਾਂ, ਪਹਿਰਾਵਾ, ਖੇਡਾਂ, ਧੰਦੇ, ਵਿਸ਼ਵਾਸ ਅਤੇ ਰੀਤੀ ਰਿਵਾਜ।

**ਭਾਗ ਅੱਠ : ਭਾਸ਼ਾ ਵਿਗਿਆਨ ਅਤੇ ਪੰਜਾਬੀ ਭਾਸ਼ਾ**

ਭਾਸ਼ਾ ਵਿਗਿਆਨ : ਪਰਿਭਾਸ਼ਾ, ਸਰੂਪ ਪ੍ਰਯੋਜਨ ਅਤੇ ਖੇਤਰ

ਸਾਸਿਓਰ ਦੇ ਭਾਸ਼ਾ ਸੰਕਲਪ : ਚਿਹਨਕ, ਚਿਹਨਿਤ, ਸੰਰਚਨਾਤਮਕ ਭਾਸ਼ਾ ਵਿਗਿਆਨ : ਲੈਂਗ ਪੈਰੋਲ,ਇਕਾਲਿਕ ਦੁਕਾਲਿਕ ਅਤੇ ਕੜੀਦਾਰ ਅਤੇ ਲੜੀਦਾਰ ਆਦਿ।

ਆਧੁਨਿਕ ਭਾਰਤੀ ਆਰਿਆਈ ਭਾਸ਼ਾਵਾਂ ਅਤੇ ਪੰਜਾਬੀ ਭਾਸ਼ਾ

ਪੰਜਾਬੀ ਭਾਸ਼ਾ ਦੀ ਉਤਪਤੀ ਤੇ ਵਿਕਾਸ- ਪੜਾਅ

ਪੰਜਾਬੀ ਦੀਆਂ ਉਪਭਾਸਾਵਾਂ, ਪੰਜਾਬੀ ਉਪਰ ਹੋਰ ਭਾਸ਼ਾਵਾਂ ਦੇ ਪ੍ਰਭਾਵ।

ਪੰਜਾਬੀ ਧੁਨੀ ਵਿਗਿਆਨ : ਸ੍ਵਰ, ਵਿਅੰਜਨ, ਅੱਖਰ, ਟੋਨ, ਬਲ, ਤਾਨ, ਸੰਗਮ।

ਪੰਜਾਬੀ ਰੂਪ ਵਿਗਿਆਨ : ਰੂਪ-ਤੱਤ, ਉਪਸਰਗ, ਪਰਸਰਗ, ਸ਼ਬਦ ਰਚਨਾ ਅਤੇ ਸ਼ਬਦਾਵਲੀ।

ਪੰਜਾਬੀ ਅਰਥ ਵਿਗਿਆਨ ਅਤੇ ਪੰਜਾਬੀ ਵਾਕ ਵਿਗਿਆਨ।

ਗੁਰਮੁਖੀ ਲਿਪੀ : ਨਿਕਾਸ ਤੇ ਵਿਕਾਸ, ਪ੍ਰਾਚੀਨਤਾ, ਪੰਜਾਬੀ ਲਈ ਉਚਿਤਤਾ।

ਪੰਜਾਬੀ ਕੋਸ਼ਕਾਰੀ, ਵਿਆਕਰਣ-ਰਚਨਾ ਅਤੇ ਅਨੁਵਾਦ ਕਾਰਜ।

**ਭਾਗ ਨੌਂ : ਸਾਹਿਤ-ਰੂਪ ਅਤੇ ਸਾਹਿਤ ਸ਼ਾਸਤਰ**

**ਸਾਹਿਤ ਅਤੇ ਹੋਰ ਅਨੁਸ਼ਾਸਨ** : ਭਾਸ਼ਾ, ਸਮਾਜ, ਧਰਮ, ਦਰਸ਼ਨ, ਇਤਿਹਾਸ ਅਤੇ ਮਨੋਵਿਗਿਆਨ।

**ਸਾਹਿਤ ਰੂਪ** : *ਕਾਫੀ, ਬਾਰਹਮਾਹ, ਵਾਰ, ਕਿੱਸਾ, ਗ਼ਜ਼ਲ, ਰੁਬਾਈ, ਨਾਵਲ, ਨਿੱਕੀ ਕਹਾਣੀ, ਨਾਟਕ, ਨਿਬੰਧ, ਸਫਰਨਾਮਾ, ਡਾਇਰੀ, ਜੀਵਨੀ, ਸ੍ਵੈ-ਜੀਵਨੀ, ਰੇਖਾਚਿੱਤਰ।*

**ਸਾਹਿਤ ਅਧਿਐਨ ਪ੍ਰਣਾਲੀਆਂ**

1. ਭਾਰਤੀ ਕਾਵਿ ਸ਼ਾਸਤਰ : ਰਸ, ਧੁਨੀ, ਅਲੰਕਾਰ, ਵਕ੍ਰੋਕਤੀ, ਰੀਤੀ, ਔਚਿਤਯ।

2.ਪੱਛਮੀ ਕਾਵਿ ਸ਼ਾਸਤਰ : ਅਰਸਤੂਵਾਦੀ, ਮਨੋਵਿਗਿਆਨਕ, ਸਮਾਜਸ਼ਾਸਤਰੀ, ਮਾਰਕਸਵਾਦੀ, ਰੂਪਵਾਦੀ, ਸੰਰਚਨਾਵਾਦੀ, ਚਿਹਨਵਿਗਿਆਨਕ, ਉਤਰ ਸੰਰਚਨਾਵਾਦੀ।

3. ਪ੍ਰਮੁੱਖ ਪੰਜਾਬੀ ਆਲੋਚਕ : ਪ੍ਰੋ. ਕਿਸ਼ਨ ਸਿੰਘ, ਸੰਤ ਸਿੰਘ ਸੇਖੋਂ, ਹਰਿਭਜਨ ਸਿੰਘ, ਅਤਰ ਸਿੰਘ, ਨਜ਼ਮ ਹੁਸੈਨ ਸੱਯਦ, ਤਰਲੋਕ ਸਿੰਘ ਕੰਵਰ, ਸੁਤਿੰਦਰ ਸਿੰਘ ਨੂਰ ਅਤੇ ਹਰਿਭਜਨ ਸਿੰਘ ਭਾਟੀਆ।

**ਭਾਗ ਦਸ : ਪੰਜਾਬੀ ਸਾਹਿਤ ਦਾ ਇਤਿਹਾਸ**

ਸਾਹਿਤ ਦੀ ਇਤਿਹਾਸਕਾਰੀ : ਸਿਧਾਂਤਕ ਪਰਿਪੇਖ

ਸਾਹਿਤ ਇਤਿਹਾਸ ਲੇਖਣ ਦੀਆਂ ਸਮੱਸਿਆਵਾਂ ਅਤੇ ਪੰਜਾਬੀ ਸਾਹਿਤ ਇਤਿਹਾਸ ਲੇਖਣ ਦੀਆਂ ਸਮੱਸਿਆਵਾਂ।

ਮੱਧਕਾਲੀ ਪੰਜਾਬੀ ਸਾਹਿਤ ਦੀਆਂ ਵਿਭਿੰਨ ਧਾਰਾਵਾਂ : ਗੁਰਮਤਿ ਕਾਵਿ ਧਾਰਾ ਦਾ ਆਰੰਭ ਅਤੇ ਵਿਕਾਸ, ਸੂਫ਼ੀ ਕਾਵਿ ਧਾਰਾ ਦਾ ਆਰੰਭ ਅਤੇ ਵਿਕਾਸ, ਕਿੱਸਾ ਕਾਵਿ ਧਾਰਾ ਦਾ ਆਰੰਭ ਅਤੇ ਵਿਕਾਸ, ਵਾਰ ਕਾਵਿ ਧਾਰਾ ਦਾ ਆਰੰਭ ਅਤੇ ਵਿਕਾਸ ਅਤੇ ਮੱਧਕਾਲੀ ਪੰਜਾਬੀ ਵਾਰਤਕ ਦਾ ਆਰੰਭ ਅਤੇ ਵਿਕਾਸ।

ਪਰਿਵਰਤਨ ਕਾਲ/ਸੰਕ੍ਰਾਂਤੀ ਕਾਲ : ਸਿੰਘ ਸਭਾ ਲਹਿਰ ਦੀ ਪੰਜਾਬੀ ਸਾਹਿਤ ਨੂੰ ਦੇਣ ਅਤੇ ਈਸਾਈ ਮਿਸ਼ਨਰੀਆਂ ਦੀ ਪੰਜਾਬੀ ਸਾਹਿਤ ਨੂੰ ਦੇਣ।

ਆਧੁਨਿਕ ਪੰਜਾਬੀ ਸਾਹਿਤ ਦੇ ਪ੍ਰਮੁੱਖ ਰੂਪ : ਆਧੁਨਿਕ ਪੰਜਾਬੀ ਕਵਿਤਾ ਦਾ ਆਰੰਭ ਅਤੇ ਵਿਕਾਸ, ਪੰਜਾਬੀ ਨਾਵਲ ਦਾ ਆਰੰਭ ਅਤੇ ਵਿਕਾਸ, ਪੰਜਾਬੀ ਨਾਟਕ ਅਤੇ ਇਕਾਂਗੀ ਦਾ ਆਰੰਭ ਅਤੇ ਵਿਕਾਸ, ਪੰਜਾਬੀ ਨਿੱਕੀ ਕਹਾਣੀ ਦਾ ਆਰੰਭ ਅਤੇ ਵਿਕਾਸ, ਆਧੁਨਿਕ ਪੰਜਾਬੀ ਵਾਰਤਕ ਦਾ ਆਰੰਭ ਅਤੇ ਵਿਕਾਸ, ਪੰਜਾਬੀ ਆਲੋਚਨਾ ਦਾ ਆਰੰਭ ਅਤੇ ਵਿਕਾਸ।

## ਨਮੂਨਾ ਪ੍ਰਸ਼ਨ

### ਪੇਪਰ ਪਹਿਲਾ

ਪ੍ਰਸ਼ਨ 1. ਪ੍ਰਗਤੀਵਾਦੀ ਪੰਜਾਬੀ ਕਹਾਣੀ ਧਾਰਾ ਦੇ ਲੇਖਕ ਹਨ :
A) ਨਾਨਕ ਸਿੰਘ, ਪ੍ਰਿੰਸੀਪਲ ਸੁਜਾਨ ਸਿੰਘ, ਸੰਤ ਸਿੰਘ ਸੇਖੋਂ, ਕੁਲਵੰਤ ਸਿੰਘ ਵਿਰਕ
B) ਸੰਤੋਖ ਸਿੰਘ ਧੀਰ, ਨਵਤੇਜ ਸਿੰਘ, ਰਾਮ ਸਰੂਪ ਅਣਖੀ, ਜਰਨੈਲ ਸਿੰਘ
C) ਪ੍ਰਿੰਸੀਪਲ ਸੁਜਾਨ ਸਿੰਘ, ਸੰਤ ਸਿੰਘ ਸੇਖੋਂ, ਸੰਤੋਖ ਸਿੰਘ ਧੀਰ, ਨਵਤੇਜ ਸਿੰਘ
D) ਪ੍ਰਿੰਸੀਪਲ ਸੁਜਾਨ ਸਿੰਘ, ਸੰਤ ਸਿੰਘ ਸੇਖੋਂ, ਗੁਰਦਿਆਲ ਸਿੰਘ, ਦਲੀਪ ਕੌਰ ਟਿਵਾਣਾ

ਪ੍ਰਸ਼ਨ 2.

| **ਸੂਚੀ I** | **ਸੂਚੀ II** |
|---|---|
| (a) ਅਤਰ ਸਿੰਘ | (i) ਸਾਹਿਤ ਦਰਸ਼ਨ |
| (b) ਸੰਤ ਸਿੰਘ ਸੇਖੋਂ | (ii) ਸਮਦਰਸ਼ਨ |
| (c) ਹਰਿਭਜਨ ਸਿੰਘ | (iii) ਸਾਹਿਤ ਵਿਗਿਆਨ |
| (d) ਤੇਜਾ ਸਿੰਘ | (iv) ਸਾਹਿਤਾਰਥ |

**ਉਪਰੋਕਤ ਵਿਚ ਕਿਹੜਾ ਕ੍ਰਮ ਸਹੀ ਹੈ** :

| | **a** | **b** | **c** | **d** |
|---|---|---|---|---|
| A) | iv | i | iii | ii |
| B) | ii | iv | iii | i |
| C) | iv | ii | i | iii |
| D) | ii | iii | iv | i |

ਪ੍ਰਸ਼ਨ 3. ਹਰਚਰਨ ਸਿੰਘ ਦੀ ਕਿਸ ਰਚਨਾ ਨੂੰ ਭਾਰਤੀ ਸਾਹਿਤ ਅਕਾਡਮੀ, ਦਿੱਲੀ ਵੱਲੋਂ ਅਵਾਰਡ ਮਿਲਿਆ ਹੈ :
A) ਸ਼ੋਭਾ ਸ਼ਕਤੀ B) ਕਲ ਅੱਕ ਤੇ ਭਲਕ
C) ਮੇਰੇ ਚੋਣਵੇਂ ਇਕਾਂਗੀ D) ਇਨ੍ਹਾ ਵਿਚੋਂ ਕਿਸੇ ਨੂੰ ਵੀ ਨਹੀਂ

ਪ੍ਰਸ਼ਨ 4. ਹਰਿਆਣਵੀ ਉਪਭਾਸ਼ਾ ਹੈ:
A) ਪੱਛਮੀ ਹਿੰਦੀ ਦੀ B) ਪੂਰਵੀ ਹਿੰਦੀ ਦੀ
C) ਦੱਖਣੀ ਹਿੰਦੀ ਦੀ D) ਇਨ੍ਹਾਂ ’ਚੋਂ ਕਿਸੇ ਦੀ ਵੀ ਨਹੀਂ

### ਪੇਪਰ ਦੂਸਰਾ

ਖੰਡ ੳ.

1. ਪੰਜਾਬੀ ਸੂਫ਼ੀ ਕਾਵਿ ਧਾਰਾ ਦੀਆਂ ਪ੍ਰਮੁੱਖ ਵਿਸ਼ੇਸ਼ਤਾਵਾਂ ਨੂੰ ਸੰਖੇਪ ਵਿਚ ਬਿਆਨ ਕਰੋ। 16

2. ਪੰਜਾਬੀ ਸਵਰ ਧੁਨੀਆਂ ਦੀਆਂ ਪ੍ਰਮੁੱਖ ਵਿਸ਼ੇਸ਼ਤਾਵਾਂ ਨੂੰ ਵਿਚਾਰੋ। 16

ਖੰਡ ਅ.

1. ਪੰਜਾਬੀ ਧੁਨੀਆਂ ਦੀ ਵਰਤੋਂ ਵਿਉਂਤ ਬਾਰੇ ਚਰਚਾ ਕਰੋ। 4

2. ਕੀ ਪੰਜਾਬੀ ਨਾਵਲ ਵਿਚ ਹੁਣ ਖੜੋਤ ਦੀ ਸਥਿਤੀ ਹੈ? ਸੰਖੇਪ ਵਿਚ ਵਿਚਾਰ ਪੇਸ਼ ਕਰੋ। 4